# ਯੋਜਕ

ਜਿਹੜਾ ਸ਼ਬਦ ਦੋ ਸ਼ਬਦਾਂ ਜਾਂ ਦੋ ਵਾਕਾਂ ਨੂੰ ਆਪਸ ਵਿੱਚ ਜੋੜੇ ਉਸਨੂੰ ਯੋਜਕ ਕਹਿੰਦੇ ਹਨ, ਜਿਵੇਂ:- ਤੇ, ਅਤੇ, ਪਰ ਉਸਦਾ ਆਦਿ।

ਉਦਾਹਰਨਾ:

1. ਸਿਮਰਨ ਅਤੇ ਸੁਰਜੀਤ ਪੜ੍ਹ ਰਹੀਆਂ ਹਨ।
2. ਉਹ ਮੋਟਾ ਹੈ ਪਰ ਫੁਰਤੀਲਾ ਹੈ।
3. ਉਹ ਪਾਸ ਹੋ ਗਿਆ ਕਿਉਂਕਿ ਉਸਨੇ ਬਹੁਤ ਮਿਹਨਤ ਕੀਤੀ ਸੀ।

## ਹੇਠ ਲਿਖੇ ਵਾਕਾਂ ਵਿੱਚ ਢੁਕਵੇਂ ਯੋਜਕ ਲਗਾਓ।

ਕਿ ਇਸਲਈ ਭਾਵੇਂ ਜੋ ਜਦੋਂ ਉਦੋਂ ਪਰ ਸੋ ਤੇ

1. ਮੈਂ ਜਾਣਦਾ ਸਾਂ ...ਕਿ... ਤੁਸੀਂ ਜ਼ਰੂਰ ਆਓਗੇ।
2. ਚੰਡੀਗੜ੍ਹ ਪੰਜਾਬ ...ਤੇ... ਹਰਿਆਣਾ ਦੀ ਰਾਜਧਾਨੀ ਹੈ।
3. ...ਜਦੋਂ... ਉਹ ਸਟੇਸ਼ਨ ਤੇ ਪਹੁੰਚਿਆ ...ਉਦੋਂ... ਗੱਡੀ ਜਾ ਚੁੱਕੀ ਸੀ।
4. ...ਭਾਵੇਂ... ਉਹ ਗਰੀਬ ਹੈ ...ਪਰ... ਬੇਈਮਾਨ ਨਹੀਂ ਹੈ।
5. ਉਹ ਅਨਪੜ੍ਹ ਹੈ, ...ਇਸਲਈ... ਚਿੱਠੀ ਨਹੀਂ ਲਿਖ ਸਕਦਾ।
6. ...ਜੋ... ਕਰੇਗਾ ...ਸੋ... ਭਰੇਗਾ।

SikhVille .org
© Vismaad